# Visit of Minister of State for External Affairs Shri V. Muraleedharan to the Republic of Senegal for the 3rd Joint Commission Meeting

November 06, 2021

---

## ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਵੱਲੋਂ ਸਾਂਝਾ ਕਮਿਸ਼ਨ ਦੀ ਤੀਜੀ ਮੀਟਿੰਗ ਵਿਚ ਸ਼ਮੂਲੀਅਤ ਕਰਨ ਲਈ ਸੇਨੇਗਲ ਗਣਰਾਜ ਦਾ ਦੌਰਾ

**6 ਨਵੰਬਰ, 2021**

1. ਵਿਦੇਸ਼ ਅਤੇ ਸੰਸਦੀ ਮਾਮਲੇ ਰਾਜ ਮੰਤਰੀ (MoS) ਸ਼੍ਰੀ V. ਮੁਰਲੀਧਰਨ (VM) ਨੇ 4-5 ਨਵੰਬਰ, 2021 ਤੱਕ ਡਕਾਰ ਵਿਖੇ ਹੋਈ ਭਾਰਤ-ਸੇਨੇਗਲ ਸਾਂਝਾ ਕਮਿਸ਼ਨ ਦੀ ਤੀਜੀ ਮੀਟਿੰਗ (JCM) ਦੀ ਸਹਿ-ਪ੍ਰਧਾਨਗੀ ਕਰਨ ਲਈ ਸੇਨੇਗਲ ਗਣਰਾਜ ਦੀ ਅਧਿਕਾਰਤ ਯਾਤਰਾ ਕੀਤੀ।

2. ਇਸ ਦੌਰੇ ਦੌਰਾਨ ਰਾਜ ਮੰਤਰੀ ਨੇ ਸੇਨੇਗਲ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਮੈਕੀ ਸਾਲ ਨਾਲ ਮੁਲਾਕਾਤ ਕੀਤੀ। ਰਾਸ਼ਟਰਪਤੀ ਮੈਕੀ ਸਾਲ ਨੇ ਭਾਰਤ-ਸੇਨੇਗਲ ਸਬੰਧਾਂ ਦੇ ਖਾਸ ਸੁਭਾਅ 'ਤੇ ਜ਼ੋਰ ਦਿੱਤਾ ਅਤੇ ਇਨ੍ਹਾਂ ਅੰਦਰਲੀਆਂ ਪੂਰੀ ਸੰਭਾਵਨਾਵਾਂ ਦੀ ਪ੍ਰਾਪਤੀ ਕਰਨ ਲਈ ਭਾਰਤ ਨਾਲ ਜੁੜੇ ਰਹਿਣ ਦੀ ਇੱਛਾ ਪ੍ਰਗਟਾਈ। ਰਾਜ ਮੰਤਰੀ ਨੇ ਸੇਨੇਗਲ ਦੇ ਰਾਸ਼ਟਰਪਤੀ ਨੂੰ JCM ਵਿੱਚ ਹੋਏ ਖਾਸ ਤੌਰ 'ਤੇ ਸਿਹਤ, ਊਰਜਾ, ਰੇਲਵੇ, ਮਾਈਨਿੰਗ, ਰੱਖਿਆ, ਵਿਕਾਸ ਭਾਈਵਾਲੀ ਆਦਿ ਦੇ ਸਬੰਧ ਵਿਚ ਹੋਏ ਵਿਚਾਰ-ਵਟਾਂਦਰੇ ਬਾਰੇ ਜਾਣਕਾਰੀ ਦਿੱਤੀ। MoS (VM) ਨੇ ਅਕਤੂਬਰ, 2015 ਵਿੱਚ ਹੋਏ ਭਾਰਤ-ਅਫਰੀਕਾ ਫੋਰਮ ਸੰਮੇਲਨ ਅਤੇ ਮਈ, 2017 ਵਿੱਚ ਗਾਂਧੀਨਗਰ ਵਿਖੇ ਹੋਈ ਅਫਰੀਕੀ ਵਿਕਾਸ ਬੈਂਕ ਦੀ 52ਵੀਂ ਸਾਲਾਨਾ ਮੀਟਿੰਗ ਵਿੱਚ ਹਿੱਸਾ ਲੈਣ ਲਈ ਰਾਸ਼ਟਰਪਤੀ ਮੈਕੀਸਾਲ ਦੀ ਭਾਰਤ ਫੇਰੀ ਨੂੰ ਨਿੱਘ ਨਾਲ ਯਾਦ ਕੀਤਾ।

3. ਵਿਦੇਸ਼ ਰਾਜ ਮੰਤਰੀ (VM) ਨੇ ਵਿਦੇਸ਼ ਮੰਤਰੀ ਅਤੇ ਵਿਦੇਸ਼ਾਂ ਅੰਦਰ ਰਹਿ ਰਹੇ ਸੇਨੇਗਲੀਆਂ ਬਾਰੇ ਮੰਤਰੀ ਸ਼੍ਰੀਮਤੀ ਅਸਿਤਾ ਟਾਲ ਸਲ ਨਾਲ ਮਿਲਕੇ ਸਾਂਝਾ ਕਮਿਸ਼ਨ ਦੀ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਦੋਵਾਂ ਧਿਰਾਂ ਨੇ ਵਪਾਰ ਅਤੇ ਵਣਜ, ਨਿਵੇਸ਼, ਸਿਹਤ, ਊਰਜਾ, ਖੇਤੀਬਾੜੀ, ਰੇਲਵੇ, ਰੱਖਿਆ ਅਤੇ ਸੁਰੱਖਿਆ, ਸਿੱਖਿਆ ਅਤੇ ਸੱਭਿਆਚਾਰ, ਵਿਕਾਸ ਭਾਈਵਾਲੀ, ਕੌਂਸਲਰ ਅਤੇ ਭਾਰਤੀ ਭਾਈਚਾਰੇ ਨਾਲ ਸਬੰਧਤ ਮਾਮਲਿਆਂ ਸਮੇਤ ਆਪਸੀ ਹਿੱਤ ਦੇ ਸਾਰੇ ਪਹਿਲੂਆਂ 'ਤੇ ਚਰਚਾ ਕੀਤੀ ਅਤੇ ਇਨ੍ਹਾਂ ਖੇਤਰਾਂ ਵਿੱਚ ਸਹਿਯੋਗ ਵਧਾਉਣ ਉੱਤੇ ਸਹਿਮਤੀ ਪ੍ਰਗਟਾਈ।

4. ਇਸ ਦੌਰੇ ਦੌਰਾਨ ਦੋ ਸਮਝੌਤਿਆਂ ਯਾਨੀ ਸਿਹਤ ਅਤੇ ਦਵਾਈ ਦੇ ਖੇਤਰ ਵਿੱਚ ਸਹਿਯੋਗ ਬਾਰੇ ਅਤੇ ਸੇਨੇਗਾਲੀ ਡਿਪਲੋਮੈਟਾਂ ਦੀ ਸਿਖਲਾਈ ਲਈ ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ। ਰਾਜ ਮੰਤਰੀ ਨੇ ਸੇਨੇਗਲ ਦੇ ਵਿਦੇਸ਼ ਮੰਤਰੀ ਨਾਲ ਭਾਰਤ ਅਤੇ ਸੇਨੇਗਲ ਦਰਮਿਆਨ ਕੂਟਨੀਤਕ ਸਬੰਧਾਂ ਦੇ 60 ਸਾਲਾਂ ਪੂਰੇ ਹੋਣ ਦੇ ਜਸ਼ਨਾਂ ਨੂੰ ਦਰਸਾਉਂਦੀ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ।

5. ਇਸ ਦੌਰੇ ਦੌਰਾਨ ਰਾਜ ਮੰਤਰੀ ਨੇ ਡਕਾਰ ਵਿੱਚ ਪੁਨਰਜਾਗਰਣ ਸਮਾਰਕ ਦਾ ਦੌਰਾ ਕੀਤਾ ਅਤੇ ਮਹਾਤਮਾ ਗਾਂਧੀ ਦੀ ਮੂਰਤੀ 'ਤੇ ਫੁੱਲਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਡਕਾਰ ਵਿਖੇ ਉਦਯੋਗਿਕ ਵਿਕਾਸ ਅਤੇ ਤਕਨਾਲੋਜੀ ਕੇਂਦਰ (CIDT) ਦਾ ਵੀ ਦੌਰਾ ਕੀਤਾ, ਜੋ ਭਾਰਤੀ ਗ੍ਰਾਂਟ ਨਾਲ ਬਣਾਇਆ ਗਿਆ ਹੈ। ਰਾਜ ਮੰਤਰੀ ਨੇ ਡਕਾਰ ਵਿੱਚ ਭਾਰਤੀ ਭਾਈਚਾਰੇ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਦੀਵਾਲੀ ਦੇ ਜਸ਼ਨਾਂ ਦੇ ਮੌਕੇ 'ਤੇ ਵਧਾਈ ਦਿੱਤੀ।

6. ਰਾਜ ਮੰਤਰੀ ਦੀ ਸੇਨੇਗਲ ਦੀ ਇਸ ਫੇਰੀ ਸਦਕਾ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਦੇ ਸਾਰੇ ਪਹਿਲੂਆਂ ਦੇ ਪਰਿਪੇਖ 'ਚ ਦੋਵਾਂ ਦੇਸ਼ਾਂ ਦੇ 60 ਸਾਲ ਪੁਰਾਣੇ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੀ ਅਤੇ ਭਵਿੱਖ ਦੀ ਗਲੱਬਾਤ ਦੀ ਰੂਪਰੇਖਾ ਤਿਆਰ ਹੋਈ।

ਨਵੀਂ ਦਿੱਲੀ

5 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.